# ਯੂਹੰਨਾ ਨੇ ਸੰਸਾਰ ਦਾ ਅੰਤ ਵੇਖਿਆ

*ਯਿਸੂ ਕਿਸੇ ਵੀ ਬੱਚੇ ਦਾ ਜਿਹੜਾ ਉਸ ਉੱਤੇ ਵਿਸ਼ਵਾਸ ਕਰਦਾ ਹੈ, ਸੁਆਗਤ ਕਰਨ ਲਈ ਤਿਆਰ ਖੜ੍ਹਾ ਹੈ।*

ਪ੍ਰਾਰਥਨਾ : ''ਪਿਆਰੇ ਪ੍ਰਭੂ, ਬੱਚਿਆਂ ਨੂੰ ਤੇਰੇ ਕੋਈ ਸਵਰਗੀ ਵਾਅਦਿਆਂ ਦੀ ਕਦਰ ਕਰਨ ਵਿੱਚ ਮਦਦ ਕਰ।''

ਬੱਚਿਆਂ ਦੀ ਇਨ੍ਹਾਂ ਸਿੱਖਣ ਵਾਲੀਆਂ ਗਤੀਵਿਧੀਆਂ ਵਿੱਚੋਂ ਕੋਈ ਚੁਣੋ ਜਿਹੜੀਆਂ ਉਨ੍ਹਾਂ ਦੀ ਉਮਰ ਅਤੇ ਆਤਮਿਕ ਸਮਝ ਦੇ ਸਤਰ ਲਈ ਢੁੱਕਵੀ ਹੈ।

**ਕਿਸੇ ਵੱਡੇ ਬੱਚੇ ਜਾਂ ਸਿੱਖਿਅਕ ਨੂੰ** ਪਰਕਾਸ਼ ਦੀ ਪੋਥੀ **20:11** ਤੋਂ **21:4** ਤੱਕ, ਅਤੇ **21:22** ਤੋਂ **22:5** ਤੱਕ ਯੂਹੰਨਾ ਦੇ ਸਵਰਗ ਦੇ ਦਰਸ਼ਣ ਦੀ ਕਹਾਣੀ ਨੂੰ ਮੂੰਹ ਜ਼ਬਾਨੀ ਪੜ੍ਹਨ ਜਾਂ ਦੱਸਣ ਦਿਓ, ਜਿਸ ਵਿੱਚ ਪਰਮੇਸ਼ੁਰ ਨੇ ਪ੍ਰਗਟ ਕੀਤਾ ਹੈ ਕਿ ਆਖਰੀ ਸਮਿਆਂ ਵਿੱਚ ਧਰਤੀ ਅਤੇ ਅਕਾਸ਼ ਵਿੱਚ ਕੀ ਹੋਵੇਗਾ।



ਇਹ ਪ੍ਰਸ਼ਨ ਪੁੱਛੋ। (*ਹਰ ਪ੍ਰਸ਼ਨ ਦਾ ਉੱਤਰ ਉਸ ਦੇ ਸਾਹਮਣੇ ਦਿੱਤਾ ਗਿਆ ਹੈ।*)

- ਉਨ੍ਹਾਂ ਸਭਨਾਂ ਲੋਕਾਂ ਨੂੰ ਕੀ ਹੋਇਆ ਜਿਹੜੇ ਮਰ ਚੁੱਕੇ ਸਨ? (*ਪਰਕਾਸ਼ ਦੀ ਪੋਥੀ 20:12 ਵੇਖੋ*)
- ਉਨ੍ਹਾਂ ਲੋਕਾਂ ਨੂੰ ਕੀ ਹੋਇਆ ਜਿਨ੍ਹਾਂ ਦੇ ਨਾਮ ਜੀਵਨ ਦੀ ਪੋਥੀ ਵਿੱਚ ਨਹੀਂ ਲਿਖੇ ਸਨ? (*20:15 ਵੇਖੋ* )
- ਨਵੀਂ ਯਰੂਸ਼ਲਮ, ਸਾਡਾ ਨਵਾਂ ਘਰ, ਕਿਸ ਤਰ੍ਹਾਂ ਦਾ ਜਾਪਦਾ ਹੈ? (*21:2*)
- ਕਿਹੜੀਆਂ ਗੱਲਾਂ ਸਵਰਗ ਵਿੱਚ ਕਦੀ ਨਹੀਂ ਹੋਣਗੀਆਂ? (*21:4*)
- ਉੱਥੇ ਨਾਂ ਹੈਕਲ, ਨਾ ਸੂਰਜ, ਅਤੇ ਨਾ ਚੰਦਰਮਾ ਕਿਉਂ ਨਹੀਂ ਸੀ? (*21:22-23 ਵੇਖੋ*)
- ਨਗਰੀ ਦੇ ਚੌਂਕ ਵਿੱਚਕਾਰ ਕਿਹੜੀਆਂ ਦੋ ਚੀਜ਼ਾਂ ਸਨ? (*22:1-2 ਵੇਖੋ*)

ਪੜਚੋਲ

- ਅਸੀਂ ਸਵਰਗ ਵਿੱਚ ਕਿਹੜੀਆਂ ਚੀਜ਼ਾਂ ਵੇਖਾਂਗੇ? (*ਪਰਮੇਸ਼ੁਰ, ਇਕ ਚਿੱਟਾ ਸਿੰਘਾਸਣ, ਪੋਥੀਆਂ, ਯਿਸੂ, ਚਾਨਣ, ਲੋਕ ਜਿਹੜੇ ਮਰ ਚੁੱਕੇ ਹਨ, ਇਕ ਸੁੰਦਰ ਸ਼ਹਿਰ, ਇਕ ਨਦੀ, ਜੀਵਨ ਦਾ ਰੁੱਖ* )
- ਅਸੀਂ ਸਵਰਗ ਵਿੱਚ ਕੀ ਨਹੀਂ ਵੇਖਾਂਗੇ? (*ਮੌਤ, ਨਰਕ, ਰੋਣਾ, ਰਾਤ, ਸੂਰਜ, ਚੰਦਰਮਾ, ਪਾਪ, ਬਿਮਾਰੀ* )

**1. ਯੂਹੰਨਾ ਦੇ ਸਵਰਗ ਦੇ ਦਰਸ਼ਣ ਨੂੰ ਨਾਟਕ ਦੇ ਰੂਪ ਵਿੱਚ ਪੇਸ਼ ਕਰੋ।**

- ਅਰਾਧਨਾ ਕਰਨ ਵਾਲੇ ਆਗੂਆਂ ਨਾਲ ਮਿਲਕੇ ਬੱਚਿਆਂ ਲਈ ਇਹ ਨਾਟਕ ਪੇਸ਼ ਕਰਨ ਦਾ ਪ੍ਰਬੰਧ ਕਰੋ।
- ਆਪਣੇ ਸਿੱਖਿਆ ਦੇਣ ਦੇ ਸਮੇਂ ਨੂੰ, ਬੱਚਿਆਂ ਨੂੰ ਇਹ ਨਾਟਕ ਦੀ ਤਿਆਰੀ ਲਈ ਪ੍ਰਯੋਗ ਕਰਨ ਦਿਓ।
- ਤੁਹਾਨੂੰ ਸਾਰੇ ਕਿਰਦਾਰ ਕਰਨ ਦੀ ਲੋੜ ਨਹੀਂ ਹੈ।
- ਵੱਡੇ ਬੱਚਿਆਂ ਨੂੰ ਛੋਟੇ ਬੱਚਿਆਂ ਦੀ ਮਦਦ ਕਰਨ ਦਿਓ।
- ਵੱਡੇ ਬੱਚਿਆਂ ਜਾਂ ਬਾਲਗਾਂ ਨੂੰ ਪ੍ਰਚਾਰਕ ਅਤੇ ਕਥਾਵਾਚਕ ਦਾ ਕਿਰਦਾਰ ਨਿਭਾਉਣ ਦਿਓ।
- ਛੋਟੇ ਬੱਚਿਆਂ ਨੂੰ ਮਿੱਤਰਾਂ ਦਾ ਕਿਰਦਾਰ ਨਿਭਾਉਣ ਦਿਓ।

ਕਥਾਵਾਚਕ : ਪਰਕਾਸ਼ ਦੀ ਪੋਥੀ 20:11-15 ਵਿੱਚੋਂ ਦਰਸ਼ਣ ਦਾ ਪਹਿਲਾ ਭਾਗ ਦੱਸੇ। ਫਿਰ ਕਰੇ, "ਸੁਣੋ ਇਕ ਪ੍ਰਚਾਰਕ ਆਪਣੇ ਮਿੱਤਰ ਨੂੰ ਕੀ ਕਹਿੰਦਾ ਹੈ।"

ਪ੍ਰਚਾਰਕ : "ਮੈਂ ਪਰਕਾਸ਼ ਦੀ ਪੋਥੀ ਪੜ੍ਹ ਰਿਹਾ ਹਾਂ। ਭਵਿੱਖ ਵਿੱਚ ਅਸੀਂ ਪਰਮੇਸ਼ੁਰ ਨੂੰ ਵੇਖਾਂਗੇ ਜਿਹੜਾ ਉਸਦੇ ਵੱਡੇ ਚਿੱਟੇ ਸਿੰਘਾਸਣ ਤੇ ਬੈਠਾ ਹੈ।

ਮਿੱਤਰ#1: "ਪਰਮੇਸ਼ੁਰ ਹਰ ਇਕ ਨੂੰ ਪਿਆਰ ਕਰਦਾ ਹੈ। ਕੀ ਉਹ ਸਾਰਿਆਂ ਨੂੰ ਸਵਰਗ ਵਿੱਚ ਜਾਣ ਦੇਵੇਗਾ?"

ਪ੍ਰਚਾਰਕ : "ਸਿਰਫ ਵਿਸ਼ਵਾਸੀ ਜਿਨ੍ਹਾਂ ਦੇ ਨਾਮ ਜੀਵਨ ਦੀ ਪੋਥੀ ਵਿੱਚ ਹਨ ਉਹੋ ਸਵਰਗ ਵਿੱਚ ਦਾਖਲ ਹੋਣਗੇ।"

ਮਿੱਤਰ#2: "ਮੈਂ ਯਿਸੂ ਨੂੰ ਪਿਆਰ ਕਰਦਾ ਹਾਂ, ਪਰ ਕਈ ਵਾਰ ਮੈਂ ਬੁਰੇ ਕੰਮ ਕਰਦਾ ਹਾਂ। ਕੀ ਮੈਂ ਸਵਰਗ ਵਿੱਚ ਵੀ ਪਾਪ ਕਰਾਂਗਾ?"

ਪ੍ਰਚਾਰਕ : ਨਹੀਂ! ਪਰਮੇਸ਼ੁਰ ਤੈਨੂੰ ਬਦਲੇਗਾ। ਉਸਨੇ ਪੁਸਤਕਾਂ ਵਿੱਚ ਸਭ ਕੁਝ ਲਿਖਿਆ ਹੈ ਜੋ ਅਸੀਂ ਕਰਦੇ ਹਾਂ। ਸਾਡੇ ਬੁਰੇ ਕੰਮ ਦਾ ਨਿਆਂ ਕੀਤਾ ਜਾਵੇਗਾ ਅਤੇ ਇਹ ਪਿੱਛੇ ਛੱਡ ਦਿੱਤੇ ਜਾਣਗੇ। ਪਰਮੇਸ਼ੁਰ ਸਾਨੂੰ ਚੰਗੇ ਕੰਮ ਜਿਹੜੇ ਅਸੀਂ ਕੀਤੇ ਹਨ ਉਨ੍ਹਾਂ ਦਾ ਇਨਾਮ ਦੇਵੇਗਾ।

ਮਿੱਤਰ#3: "ਉਨ੍ਹਾਂ ਲੋਕਾਂ ਦਾ ਕੀ ਹੋਵੇਗਾ। ਜਿਹੜੇ ਯਿਸੂ ਨੂੰ ਠੁਕਰਾਉਂਦੇ ਹਨ?"

ਪ੍ਰਚਾਰਕ: "ਜਿਨ੍ਹਾਂ ਦੇ ਨਾਮ ਜੀਵਨ ਦੀ ਪੋਥੀ ਵਿੱਚ ਨਹੀਂ ਹਨ ਉਹ ਅੱਗ ਦੀ ਝੀਲ ਵਿੱਚ ਸੁੱਟੇ ਜਾਣਗੇ"

ਮਿੱਤਰ#3 : "ਮੈਂ ਚਾਹੁੰਦਾ ਹਾਂ ਯਿਸੂ ਮੇਰਾ ਨਾਮ ਉਸਦੀ ਜੀਵਨ ਦੀ ਪੋਥੀ ਵਿੱਚ ਲਿਖੇ!"

ਕਥਾਵਾਚਕ : ਪਰਕਾਸ਼ ਦੀ ਪੋਥੀ 21:1-4 ਵਿੱਚੋਂ ਦਰਸ਼ਣ ਦਾ ਦੂਜਾ ਭਾਗ ਦੱਸੇ। ਫਿਰ ਕਹੇ, "ਸੁਣੋ ਪ੍ਰਚਾਰਕ ਆਪਣੇ ਮਿੱਤਰ ਨੂੰ ਕੀ ਦੱਸਦਾ ਹੈ।"

ਪ੍ਰਚਾਰਕ : "ਸਵਰਗ ਸੁੰਦਰ, ਸੋਹਣੀ ਅਤੇ ਖੁਸ਼ ਦੁਲਹਨ ਦੀ ਤਰ੍ਹਾਂ ਹੋਵੇਗਾ।"

ਮਿੱਤਰ#4 : "ਸ਼ਾਇਦ ਪਰਮੇਸ਼ੁਰ ਮੈਨੂੰ ਸਵਰਗ ਵਿੱਚ ਦਾਖਲ ਨਾ ਹੋਣ ਦੇਵੇ। ਮੇਰੇ ਜੀਵਨ ਵਿੱਚ ਬਹੁਤ ਕਸ਼ਟ ਅਤੇ ਦੁੱਖ ਹੈ।"

ਪ੍ਰਚਾਰਕ : "ਪਰਮੇਸ਼ੁਰ ਤੇਰੇ ਸਾਰੇ ਦੁੱਖ ਅਤੇ ਕਸ਼ਟਾਂ ਨੂੰ ਲੈ ਲਵੇਗਾ। ਇਸ ਜੀਵਨ ਦੀਆਂ ਸਾਰੀਆਂ ਬੁਰੀਆਂ ਗੱਲਾਂ ਪਿੱਛੇ ਛੱਡ ਦਿੱਤੀਆਂ ਜਾਣਗੀਆਂ।"

ਮਿੱਤਰ#4 : "ਮੈਂ ਉੱਥੇ ਜਾਣਾ ਚਾਹੁੰਦਾ ਹਾਂ ਜਿੱਥੇ ਹੋਰ ਦੁੱਖ ਨਹੀਂ ਹੈ।"

ਕਥਾਵਾਚਕ : ਪਰਕਾਸ਼ ਦੀ ਪੋਥੀ 21:22 ਤੋਂ ਲੈ ਕੇ 22:6 ਤੱਕ ਕਹਾਣੀ ਦਾ ਤੀਜਾ ਭਾਗ ਦੱਸੇ। ਫਿਰ ਕਹੇ, "ਸੁਣੋ ਮਿੱਤਰ ਕੀ ਕਹਿੰਦਾ ਹੈ।"

ਮਿੱਤਰ#5 : "ਕੀ ਸਵਰਗ ਵਿੱਚ ਪਰਮੇਸ਼ੁਰ ਦੀ ਅਰਾਧਨਾ ਕਰਨ ਲਈ ਹੈਕਲ ਬਹੁਤ ਵੱਡੀ ਹੋਵੇਗੀ?"

ਪ੍ਰਚਾਰਕ : "ਨਹੀਂ ਉੱਥੇ ਕੋਈ ਹੈਕਲ ਨਹੀਂ ਹੋਵੇਗੀ। ਪਰਮੇਸ਼ੁਰ ਸਾਡੇ ਨਾਲ ਵਾਸ ਕਰੇਗਾ ਅਤੇ ਸਾਡੀ ਹੈਕਲ ਹੋਵੇਗਾ। ਉਸਦਾ ਚਾਨਣ ਇਨ੍ਹਾਂ ਚਮਕੇਗਾ ਕਿ ਸੂਰਜ ਜਾਂ ਚੰਦਰਮਾਂ ਦੀ ਕੋਈ ਲੋੜ ਨਹੀਂ ਹੋਵੇਗੀ।

ਮਿੱਤਰ#5 : "ਮੈਂ ਸੋਚਦਾ ਹਾਂ ਫਿਰ ਉੱਥੇ ਬਿਰਛ ਜਾਂ ਨਦੀਆਂ ਨਹੀਂ ਹੋਣਗੀਆਂ।"

ਪ੍ਰਚਾਰਕ : "ਹਾਂ, ਉੱਥੇ ਸਵਰਗ ਦੇ ਵਿੱਚਕਾਰ ਜੀਵਨ ਦੇ ਪਾਣੀ ਦੀ ਸੁੰਦਰ ਨਦੀ ਅਤੇ ਜੀਵਨ ਦਾ ਬਿਰਛ ਹੈ।"


ਸਾਰੇ ਮਿੱਤਰ : "ਅਸੀਂ ਉੱਥੇ ਜਾਣਾ ਚਾਹੁੰਦੇ ਹਾਂ ਅਤੇ ਯਿਸੂ ਨਾਲ ਰਹਿਣਾ ਚਾਹੁੰਦੇ ਹਾਂ! ਸਦਾ ਯਿਸੂ ਦੇ ਨਾਮ ਦੀ ਉਸਤਤ ਕਰਨ ਲਈ!"

ਕਥਾਵਾਚਕ : ਹਰ ਇੱਕ ਦਾ ਧੰਨਵਾਦ ਕਰੇ ਜਿਨ੍ਹਾਂ ਨਾਟਕ ਵਿੱਚ ਮਦਦ ਕੀਤੀ ਹੈ।

ਪ੍ਰਸ਼ਨ : ਜੇਕਰ ਉਹ ਬਾਲਗਾਂ ਲਈ ਨਾਟਕ ਪੇਸ਼ ਕਰਦੇ ਹਨ, ਤਾਂ ਬੱਚਿਆਂ ਨੂੰ ਉਨ੍ਹਾਂ ਕੋਲੋਂ ਪ੍ਰਸ਼ਨ ਪੁੱਛਣ ਦਿਓ ਜਿਹੜੇ ਉੱਪਰ ਦਿੱਤੇ ਗਏ ਹਨ। ਪੁੱਛੋ ਕਿ ਸਵਰਗ ਵਿੱਚ ਉਹ ਹੋਰ ਕਿਹੜੀਆਂ ਚੀਜ਼ਾਂ ਦੀ ਆਸ ਕਰਦੇ ਹਨ?

ਕਵਿਤਾ : ਪਰਕਾਸ਼ ਦੀ ਪੋਥੀ 19:6,7 ਅਤੇ 8 ਵਿੱਚੋਂ ਤਿੰਨ ਬੱਚਿਆਂ ਨੂੰ ਇੱਕ ਇੱਕ ਆਇਤ ਪੜ੍ਹਨ ਦਿਓ।

ਬੱਚਿਆਂ ਨੂੰ 'ਜੀਵਨ ਦੇ ਬਿਰਛ' ਦਾ ਚਿੱਤਰ ਬਣਾਉਣ ਦਿਓ ਜਿਹੜਾ ਸਵਰਗ ਵਿੱਚ ਉੱਗਿਆ ਹੈ। ਬੱਚਿਆਂ ਨੂੰ ਆਪਣੇ ਚਿੱਤਰ ਬਾਲਗਾਂ ਨੂੰ ਅਰਾਧਨਾ ਦੌਰਾਨ ਵਿਖਾਉਣ ਦਿਓ ਅਤੇ ਦੱਸਣ ਦਿਓ ਕਿ ਸਵਰਗ ਵਿੱਚ ਪਰਮੇਸ਼ੁਰ ਵੱਲੋਂ ਚੰਗਾਈ ਉਸਦੇ ਜੀਵਨ ਦੇ ਬਿਰਛ ਦੁਆਰਾ ਆਵੇਗੀ।



**ਵੱਡੇ ਬੱਚਿਆਂ** ਨੂੰ ਪਰਮੇਸ਼ੁਰ ਦੇ ਆਖਰੀ ਨਿਆਂ ਅਤੇ ਸਵਰਗ ਬਾਰੇ ਕਵਿਤਾਵਾਂ ਜਾਂ ਗੀਤ ਲਿਖਣ ਦਿਓ।

**ਵੱਡੇ ਬੱਚਿਆਂ ਨੂੰ ਪਰਕਾਸ਼ ਦੀ ਪੋਥੀ 21:3-4 ਯਾਦ ਕਰਨ ਦਿਓ।** ਛੋਟੇ ਬੱਚਿਆਂ ਨੂੰ ਆਇਤ 4 ਯਾਦ ਕਰਨ ਦਿਓ।

**ਪ੍ਰਾਰਥਨਾ** : ''ਪਿਆਰੇ ਯਿਸੂ, ਯੂਹੰਨਾ ਰਸੂਲ ਨੂੰ ਸਵਰਗ ਦਾ ਦਰਸ਼ਣ ਦੇਣ ਲਈ ਅਸੀਂ ਤੇਰਾ ਧੰਨਵਾਦ ਕਰਦੇ ਹਾਂ। ਸਾਨੂੰ ਭਵਿੱਖ ਤੋਂ ਡਰਨ ਦੀ ਲੋੜ ਨਹੀਂ ਹੈ। ਯਿਸੂ ਪਾਪ ਅਤੇ ਸ਼ੈਤਾਨ ਉੱਤੇ ਜਿੱਤ ਪਾਵੇਗਾ। ਸਵਰਗ ਸੁੰਦਰ ਹੋਵੇਗਾ। ਅਸੀਂ ਤੇਰੇ ਚੇਹਰੇ ਨੂੰ ਵੇਖਕੇ ਸਦਾ ਤੇਰੇ ਨਾਲ ਵਾਸ ਕਰਾਂਗੇ।''

Copyright 2004 © by Paul-Timothy. May be freely copied. Download from www.Paul-Timothy.net